B.C.M.SCHOOL,BASANT AVENUE, DUGRI, LUDHIANA
ਜਮਾਤ ਛੇਵੀਂ ਵਿਸ਼ਾ ਪੰਜਾਬੀ

## ਅਣਡਿੱਠਾ ਪੈਰਾ:-

ਪ੍ਰਦੂਸ਼ਣ ਤੋਂ ਭਾਵ ਚੌਗਿਰਦੇ ਦਾ ਗੰਧਲਾ ਹੋ ਰਿਹਾ ਵਾਤਾਵਰਨ ਹੈ। ਕਾਰਖਾਨਿਆਂ ,ਫੈਕਟਰੀਆਂ ਦੀਆਂ ਚਿਮਨੀਆਂ ਤੋਂ ਨਿਕਲ ਰਿਹਾ ਧੂੰਆਂ, ਜਹਿਰੀਲਾ ਪਾਣੀ ਆਦਿ ਸਭ ਪ੍ਰਦੂਸ਼ਣ ਫੈਲਾ ਰਹੇ ਹਨ। ਇਹ ਸਭ ਕੁਝ ਦਾ ਜ਼ਿੰਮੇਵਾਰ ਮਨੁੱਖ ਖੁਦ ਹੀ ਹੈ। ਉਸ ਨੇ ਆਪਣੇ ਸਮੁੱਚੇ ਵਾਤਾਵਰਣ ਨੂੰ ਗੰਧਲਾਂ ਤੇ ਜਹਿਰੀਲਾ ਬਣਾ ਦਿੱਤਾ ਹੈ। ਜਿਸ ਦਾ ਖਾਮਿਆਜ਼ਾ ਆਉਣ ਵਾਲੀ ਪੀੜੀ ਨੂੰ ਭੁਗਤਣਾ ਪਵੇਗਾ। ਰੁੱਖ ਜੋ ਵਾਤਾਵਰਨ ਨੂੰ ਸਾਫ ਸੁਥਰਾ ਬਣਾਈ ਰੱਖਣ ਵਿੱਚ ਬੜੇ ਹੀ ਸਹਾਈ ਹੁੰਦੇ ਹਨ। ਕਾਰਬਨ ਡਾਈਆਕਸਾਈਡ ਵਰਗੀਆਂ ਮਾਰੂ ਗੈਸਾਂ ਦਾ ਨਿਵਾਰਨ ਕਰਦੇ ਹਨ। ਕਿਧਰੇ ਲੱਭਿਆਂ ਵੀ ਨਹੀਂ ਲੱਭਦੇ। ਇਸ ਲਈ ਕਾਰਬਨ ਮੋਨੋਆਕਸਾਈਡ ਗੈਸ ਵੱਧ ਰਹੀ ਹੈ ਜੋ ਮਨੁੱਖੀ ਸਰੀਰ ਵਿਚਲੇ ਲਾਲ ਸੈਲਾਂ ਵਿਚਲੀ ਖਿੱਚਣ ਵਾਲੀ ਆਕਸੀਜਨ ਗੈਸ ਨੂੰ ਘੱਟ ਕਰਕੇ ਮਨੁੱਖ ਨੂੰ ਬਿਲਕੁਲ ਹੀ ਮੌਤ ਦੀ ਕਗਾਰ ਤੇ ਖੜਾ ਕਰ ਰਹੀ ਹੈ।

ਉਪਰੋਕਤ ਪੈਰਾ ਪੜ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਪ੍ਰਦੂਸ਼ਣ ਤੋਂ ਕੀ ਭਾਵ ਹੈ?

1.ਕਾਰਖਾਨਿਆ ਤੋਂ ਗੰਧਲਾ ਹੋ ਰਿਹਾ ਵਾਤਾਵਰਨ 2.ਫੈਕਟਰੀਆਂ ਤੋਂ ਗੰਧਲਾ ਹੋ ਰਿਹਾ ਵਾਤਾਵਰਨ

3.ਚੌਗਿਰਦੇ ਦਾ ਗੰਧਲਾ ਹੋ ਰਿਹਾ ਵਾਤਾਵਰਨ। 4. ਜਹਿਰੀਲਾ ਪਾਣੀ

ਪ੍ਰ:-ਪ੍ਰਦੂਸ਼ਣ ਦਾ ਜ਼ਿੰਮੇਵਾਰ ਕੌਣ ਹੈ?

1.ਰੁੱਖ 2.ਮਨੁੱਖ 3.ਕਾਰਬਨ ਡਾਈਆਕਸਾਈਡ 4.ਕਾਰਬਨ ਮੋਨੋ ਆਕਸਾਈਡ

ਪ੍ਰ:-ਵਾਤਾਵਰਣ ਨੂੰ ਸਾਫ ਰੱਖਣ ਵਿੱਚ ਕੌਣ ਸਹਾਈ ਹੁੰਦੇ ਹਨ?

1.ਕਾਰਖਾਨੇ 2.ਫੈਕਟਰੀਆਂ 3.ਰੁੱਖ 4.ਮਨੁੱਖ

## ਡਿੱਠੀ ਕਾਵਿ ਟੁਕੜੀ

ਯੋਗਾ ਕਰਨ ਦੀ ਰੱਖੀਏ ਤਾਂਘ,

ਆਸਣਾਂ ਦੀ ਹੈ ਮਾਂ ਸਰਵਾਂਗ ।

ਸੀਸ ਆਸਣ ਵੀ ਬੜਾ ਮਹਾਨ,

ਆਸਣਾਂ ਚੋਂ ਇਹ ਪਿਤਾ ਸਮਾਨ।

ਉਪਰੋਕਤ ਕਾਵ ਟੁਕੜੀ ਨੂੰ ਪੜ੍ਹੋ ਤੇ ਹੇਠ ਲਿਖੇ ਪ੍ਰਸ਼ਨਾਂ ਤੇ ਉੱਤਰ ਦਿਓ:-

ਪ੍ਰ:-ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ,ਕਵਿਤਾ ਦੇ ਕਵੀ ਦਾ ਨਾਮ ਲਿਖੋ?

ਪ੍ਰ:-ਸਾਰੇ ਆਸਣਾਂ ਦੀ ਮਾਂ ਕਿਸ ਆਸਣ ਨੂੰ ਕਿਹਾ ਗਿਆ ਹੈ?

ਪ੍ਰ:-ਪਿਤਾ ਸਮਾਨ ਕਿਹੜਾ ਆਸਣ ਹੈ?

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:- ਰੋਗਾਂ ਤੋਂ ਛੁਟਕਾਰਾ ਕਿਵੇਂ ਮਿਲਦਾ ਹੈ?

ਪ੍ਰ:-ਕੋਈ ਤਿੰਨ ਆਸਣਾਂ ਦੇ ਨਾਮ ਦੱਸੋ?

ਪ੍ਰ:-ਭਗਤ ਸਿੰਘ ਦੇ ਮਾਤਾ ਪਿਤਾ ਦਾ ਨਾਮ ਦੱਸੋ?

ਪ੍ਰ:-ਚੰਦਰ ਸ਼ੇਖਰ ਆਜ਼ਾਦ ਕੀ ਕਿਹਾ ਕਰਦਾ ਸੀ?

ਪ੍ਰ:-ਸਾਰੇ ਕ੍ਰਾਂਤੀਕਾਰੀ ਕਿਸ ਝੰਡੇ ਹੇਠ ਕੰਮ ਕਰ ਰਹੇ ਸਨ?

ਪ੍ਰ:-ਗੁਲਾਮ ਦਾ ਵਿਰੋਧੀ ਸ਼ਬਦ ਚੁਣੋ:-

ਅਧੀਨ ਆਜ਼ਾਦ ਸੇਵਕ ਦਾਸ

ਪ੍ਰ:-ਗੁਰੂ ਦਾ ਸਮਾਨਾਰਥਕ ਸ਼ਬਦ ਚੁਣੋ:-

ਸਕੂਲ ਚੇਲਾ ਉਸਤਾਦ ਸ਼ਿਸ

ਪ੍ਰ:-ਲਾਠੀ ਦਾ ਬਹੁਤ ਵਚਨ ਚੁਣੋ:-

ਸੋਟੀਆਂ ਡਾਂਗਾਂ ਲਾਠੀਆਂ ਲਾਠੀਏ

ਪ੍ਰ:- ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਚਨ ਵਾਲਾ ਵਾਕ ਚੁਣੋ:-

ਬੱਚੀਆਂ ਨੇ ਦੰਦੀਆਂ ਕੱਢ ਲਈਆਂ ਹਨ।

ਬੱਚਿਆਂ ਨੇ ਦੰਦੀਆਂ ਕੱਢ ਲਈਆਂ ਹਨ।

ਬੱਚੇ ਨੇ ਦੰਦੀਆਂ ਕੱਢ ਲਈਆਂ ਹਨ।

ਬੱਚਿਆਂ ਨੇ ਦੰਦੀ ਕੱਢ ਲਈ ਹੈ।

ਪ੍ਰ:-ਸੰਕੇਤਾਂ ਤੇ ਅਧਾਰਿਤ ਕਹਾਣੀ

ਇੱਕ ਵਾਰ ਇੱਕ ਸੇਠ__________ਜਾਇਦਾਦ ਨੂੰ ਕੋਡੀਆਂ ਦੇ ਭਾਅ_________ਪਰਵਾਹ ਨਾ ਕਰਦਾ_________। ਆਦਤਾਂ ਤੋਂ _______ਸੀ। ਸੇਠ ਸਿਆਣਾ_________ਸੇਬ ਦੀ ਟੋਕਰੀ_______ਗਲਿਆ ਸੇਬ______ਟੋਕਰੀ ਤੋਂ ਕੱਪੜਾ ਹਟਾਉਣ ਲਈ ਕਿਹਾ।_________ਕੱਪੜਾ ਹਟਾਇਆ।_____ਹੈਰਾਨ ਟੈਸਟ _____ਸਾਰੇ ਸੇਬ ਗਲ ਗਏ।_____ਗੱਲ ਦਾ ਅਸਰ________ਬੁਰੀ ਸੰਗਤ ਛੱਡ ਦਿੱਤੀ। ਸੇਠ ਖੁਸ਼ ਸੀ। ਉਹ ਸਕੀਮ ਵਿੱਚ ਕਾਮਯਾਬ ਸੀ।

ਸਿੱਟਾ:- ਜੈਸੀ ਸੰਗਤ ਵੈਸੀ ਰੰਗਤ

ਪ੍ਰ:- ਪੈਰ੍ਹਾ ਰਚਨਾ

ਪੰਜਾਬ

ਜਾਂ

ਵਧਦੀ ਆਬਾਦੀ